16962 G

16962-ਗ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16962

ਚਿੱਠਾ

# ਜੀਉਣਾ ਮੌਤ

ਕ੍ਰਿਤ ਭਗਵਾਨ ਸਿੰਘ

ਰਾਇਸਾਹਿਬਮੁਨਸ਼ੀਗੁਲਾਬਸਿੰਘ
ਐਂਡ ਸੂਜ਼
ਮਾਲਕਾਨ ਪੰਜਾਬ ਸੈਂਟਰਲ ਬੁਕਡਿਪੋ
ਵ ਮੁਫ਼ੀਦ ਆਮ ਪ੍ਰੈਸ ਲਾਹੌਰ ਨੇ
ਲਾਲਾ ਮੋਤੀਰਾਮ ਮੈਨੇਜਰ ਕੇ
ਅਧਿਕਾਰ ਸੇ ਛਪਵਾਇਆ

[illegible] ਨਾਨਕ ਸ਼ਾਹੀ ੪੪੧

DEPARTMENT OF LANGUAGES
BOOK
PUNJAB, PATIALA

Digitized by Panjab Digital Library | www.panjabdigilib.org

ੴ ਸਤਿਗੁਰਪ੍ਰਸਾਦਿ ॥

ਦੋਹਰਾ॥ ਗਣਪਤ ਗੌਰਾਂ ਨੰਦ ਕੋ ਪਗ ਬੰਦਨ ਦਿਨ ਰਾਤ ॥
ਕਿੱਸਾ ਜੀਉਣੇ ਮੌੜਕਾ ਜਗਤ ਕਰੂੰ ਬਿਖਿਆਤ ॥ ੧ ॥ ਦੋਃ
॥ ਨਿਕਟ ਸ਼ਹਿਰ ਸੰਗਰੂਰਦੇ ਕੋਸੋਂ ਹੀਕੀ ਦੌੜ॥ ਛੋਟਾਸਾਇਕ
ਮਾਜਰਾ ਨਾਮ ਗਾਮਕਾ ਮੌੜ ॥ ੨ ॥ ਇਨ ਮੌੜਾਂ ਕੇ ਬੀਚਮੇਂ
ਪ੍ਰਗਟਿਓ ਜੀਉਣਾ ਮੌੜ ॥ ਨਾਮੀਹੂਆਧਾੜਵੀਸਗਲੀਬੀਚ
ਰਠੌੜ ॥੩॥ ਜਿਸਦਿਨ ਜੀਉਣਾ ਜਨਮਿਆ ਸੀਗਾ ਕਰੜਾ
ਵਾਰ॥ ਗੁੜ੍ਹਤੀ ਦਿਤੀ ਜ਼ੁਲਮਦੀ ਘੋਲ ਪਿਲਾਯਾ ਸਾਰ॥੪॥
ਜੀਉਣੇ ਮੌੜ ਦੇ ਬਾਪ ਨੇ ਸੱਦ ਨਜੂਮੀ ਏਕ॥ ਪੂਛਾ ਕਰਮ
ਨਸੀਬ ਦਾ ਐਸਾ ਕਹਿਣਾ ਨੇਕ ॥ ੫ ॥ ਖਰਾ ਸਿਆਣਾ
ਜੋਤਸ਼ੀ ਵੇਦ ਵਿਧੀ ਭਰਪੂਰ ॥ ਪੜ੍ਹਿਆ ਕਰਮ ਬਿਬਾਕਦਾ
ਨਾਮੀ ਜਗ ਮਸ਼ਹੂਰ ॥ ੬ ॥ ਖਟ ਕਰਮੋਂ ਕੇ ਬੀਚ ਮੇਂ
ਪੰਡਤ ਜੀ ਪਰਬੀਨ॥ ਚੌਦਸ ਵਿਦਜਾ ਕੇ ਧਨੀ ਗੁਨੀਂ
ਗੰਭੀਰ ਅਧੀਨ ॥ ੭ ॥ ਬੇਦ ਸੋਧ ਕੇ ਅਵਲੋਂ ਜੋਤਸ਼ ਲੀਨਾਂ
ਦੇਖ॥ ਸੁਣੋ ਜਵਾਬ ਜੋ ਪੂਛਿਆ ਜੀਉਣ ਮੌੜ ਕੇ ਲੇਖ ॥੮॥
ਕਬਿੱਤ ॥ ਹੋਊਗਾ ਜਵਾਨ ਦੁਖ ਦੇਊਗਾ ਜਹਾਨ ਤਾਈਂ
ਠੱਗੀ ਯਾਰੀ ਚੋਰੀ ਸਭ ਪਾਪ ਰੀਤ ਕਰੂਗਾ॥ਦਾਰੂ ਮਾਸ ਖਾਊ
ਭੋਗਕਰੂ ਸਾਥ ਕੰਜਰੀਦੇ ਰਾਹੀ ਪਾਂਧੀ ਬੁਰਾ ਭਲਾ ਸਭ ਕੋਈ
ਡਰੂਗਾ॥ ਖਾਊਗਾਹਰਾਮ ਆਠੋਜਾਮ ਜਾਣ ਬੂਝਕਰ ਹੋਇਕੇ
ਬੇਦਰਦ ਮਾਲ ਪਾਂਧੀਆਂਦਾ ਹਰੂਗਾ॥ ਧਾੜਵੀਲੁਟੇਰਾ ਭਾਰੀ
ਹੋਊ ਭਗਵਾਨਸਿੰਘਾਪੰਡਤਪੁਕਾਰੇਅੰਤ ਫਾਂਸੀ ਵਿਚਮਰੂਗਾ ॥

Digitized by Panjab Digital Library | www.panjabdigilib.org

16962 G



੯ ॥ ਦੋਹਰਾ ॥ ਪੰਡਤਨੇ ਜੋ ਦੇਖਿਆ ਕੀਨਾ ਸਗਲਬਿਆਨ ॥ਜੀਉਣਾ ਹੋਊਧਾੜਵੀ ਅੰਦਰਦੇਸਜਹਾਨ ॥ ੧੦ ॥ ਸਵੈਯਾ ॥ ਪੰਡਤ ਏਕ ਜਵਾਬ ਦੀਆ ਜੀਉਣੇ ਮੌੜਕੀ ਦੇਸ ਮੇਂ ਹੋਊ ਦੁਹਾਈ ॥ ਸ਼ਾਹ ਕੰਗਾਲ ਕਮਾਲਡਰੂ ਸੁਖਨੀਂ ਦਸੇ ਨੈਨ ਭਰੂ ਜਨਕਾਈ ॥ ਅਮਨਮੇਂ ਨਹੀਂ ਜਹਾਨ ਬਸੂ ਹਰ ਭੇਖਕੇ ਬੀਚ ਰਹੂਗੀ ਅਵਾਈ ॥ ਭਾਰੀਪ੍ਰਤਾਪਰਹੂ ਜਗਭੀਤਰ ਕਾਂਪ ਉਠੇ ਸਭ ਲੋਕ ਲੁਕਾਈ ॥ ੧੧ ॥ ਦੋਹਰਾ ॥ ਸੁਨ ਪੰਡਤ ਕੇ ਬਚਨ ਕੋ ਬਾਪ ਭਯਾ ਭੈਵਾਨ ॥ ਲਗੀ ਉਦਾਸੀ ਚਿਤਵਨੀ ਥਰਥਰ ਕਰਤ ਪਰਾਨ ॥ ੧੨ ॥ ਚੌਪਈ ॥ ਜੋ ਬਿਧਨਾ ਨੇ ਬਨਤ ਬਨਾਯਾ ॥ ਭਾਗ ਹਮਾਰੇ ਅੰਦਰਆਯਾ ॥ ਨਹੀਂ ਦੋਸ ਕਾਹੂਕੋ ਦੇਨਾ ॥ ਕਰਮ ਅਪਨੇ ਕਾ ਲਿਖਿਆ ਲੇਨਾ॥੧੩॥ ਕਬਿੱਤ ॥ ਹਾਇ ਵਰਲਾਪ ਕਰੇ ਜੀਉਣੇ ਦਾ ਬਾਪ ਸਾਥੋਂ ਹੂਆ ਕੋਈ ਪਾਪ ਭਾਵੀਭਈ ਸਿਰ ਰੱਬਦੀ॥ਮਾੜੇ ਮੇਰੇਭਾਗ ਜੋ ਉਲਾਦ ਘਰ ਮਾੜੀਜੰਮੀ ਸੁਣਕੇ ਨਸੀਬਜਾਣੋ ਮੌਤਆਵੇ ਛੱਬਦੀ ॥ ਪਿਛਲੇ ਜਨਮ ਕੋਈ ਸਾਧ ਦਲਗੀਰ ਕੀਤਾ ਕੁਛ ਨਾ ਮਲੂਮ ਸਾਨੂੰ ਪੂਰਬ ਕਰਤੱਬਦੀ ॥ ਬਣੀ ਉਤੇ ਸ਼ੁਕਰ ਗੁਜ਼ਾਰ ਭਗਵਾਨਸਿੰਘਾਕੌਲਤਕਦੀਰ ਮੋੜੇਰੱਬਦੇਸਬੱਬਦੀ ॥ ੧੪ ॥ ਦੋਹਰਾ ॥ ਫਿਰ ਜੀਉਣੇ ਦੇ ਬਾਪਨੇ ਪੰਡਤ ਦੀਨਾਤੋਰ॥ਜੋਕੁਛਕਰਨੀਰੱਬਨੇ ਕਰੇਕਹਾਂ ਕੋ ਹੋਰ ॥ ੧੫ ॥ ਕਬਿੱਤ ॥ ਰੱਖਕੇ ਪਿਆਰ ਬਾਪ ਖਾਤਰਾਂ ਅਨੇਕ ਕਰ ਦੁਧ ਦਹੀ ਨਾਲ ਜੀਉਣੇ ਮੌੜ ਤਾਈਂ ਪਾਲਿਆ ॥ ਐਸ਼ਾਂ ਕੀਆਂ ਬਰਸਾਂ ਵਿਚ ਹੋਸ਼ਆਈ ਜਗ ਵਲੋਂ ਮਾਪਿਆਂ ਨੇ ਛੱਗੇ ਬੱਛੇ

Digitized by Panjab Digital Library | www.panjabdigilib.org

ਚਾਰਨੇ ਸਿਖਾਲਿਆ ॥ ਬਾਰ੍ਹਵੇਂ ਬਰਸ ਬਸ ਸਭ ਕੁਛ ਸਾਂਨ ਲੀਤਾ ਘਰਬਾਰ ਟੱਬਰਾਂ ਦਾ ਕਾਰਜ ਸੰਭਾਲਿਆ॥ ਦਿਨਾਂ ਵਿਚ ਹੋਗਿਆ ਜਵਾਨ ਭਗਵਾਨ ਸਿੰਘਾ ਪਿਛਲਾ ਨਸੀਬ ਮੂਲ ਟਲਿ ਨਹੀਂ ਟਾਲਿਆ ॥ ੧੬ ॥ ਦੋਹਰਾ ॥ ਬੈਠਕ ਬੈਠੇ ਚੋਰਾਂ ਦੀ ਚੋਰਾਂ ਦੇ ਪਰਸੰਗ ॥ ਲੜਦਾ ਭਿੜਦਾ ਰੋਜ਼ ਥਾ ਹਰ ਦਮ ਰੱਖੇ ਜੰਗ ॥ ੧੭ ॥ ਕਬਿੱਤ ॥ ਜਿਥੇ ਜੀਉਂਦਾ ਜਾਵੇ ਸ਼ੇਰ ਪਾਵੇ ਇਕ ਬਿੰਦ ਵਿਚ ਖੋਜ ਨਹੀਂ ਖਾਵੇ ਭਾਵੇਂ ਹੋਵੇ ਕੋਈ ਸੂਰਮਾਂ॥ ਮੰਗਕੇ ਲੜਾਈ ਆਪ ਲੈਂਦਾ ਸੀ ਗੁਵਾਂਢੀਆਂ ਤੋਂ ਰੀਝਦਾ ਨਾ ਰਤੀ ਐਸਾ ਸਖਤ ਭਾਰੀ ਊਰਮਾਂ॥ ਧਾੜਾ ਵਾੜਾ ਮਾਰਕੇ ਉਜਾੜ ਵਿਚ ਬੈਠਦਾ ਸੀ ਦਾਰੂ ਮਾਸ ਖਾਵੇ ਤੇ ਉਡਾਵੇ ਚੋਜ਼ ਚੂਰਮਾਂ॥ ਰਾਤ ਦਿਨੇ ਰੱਖਦਾ ਉਪਾਧੀ ਭਗਵਾਨ ਸਿੰਘਾ ਸਾਰਾ ਦਿਨ ਗੁਜ਼ਰਦਾ ਸੀ ਏਸ ਹੀ ਫਤੂਰਮਾਂ ॥ ੧੮ ॥ ਦੋਹਰਾ॥ ਚੋਰੀ ਯਾਰੀ ਨਿਤ ਕਰੇ ਰਹੇ ਕਸੂਤਾ ਤੌਰ ॥ ਕਰਦਾ ਰੋਜ ਉਪਾਧੀਆਂ ਬਾਤ ਨ ਜਾਨੇ ਔਰ ॥ ੧੯ ॥ ਕਬਿੱਤ ॥ ਦੇਸ ਪਰਦੇਸ ਵਿਚ ਜਾਇਕੇ ਲਗਾਵੇ ਪਾੜ ਪੰਜ ਸਤ ਚੋਰ ਹੋਰ ਨਾਲ ਨਾਮੀ ਰਖਦਾ॥ ਮਾਝਾ ਤੇ ਦਵਾਬਾ ਖੂਬ ਲੁਟਿਆ ਪ੍ਰੇਮ ਨਾਲ ਮਾਲਵਾ ਪਹਾੜ ਪਾੜ ਲਾਧਾ ਲੱਖ ਲੱਖਦਾ ॥ਜਿਥੇ ਸੁਨੇ ਸਿਲ ਉਥੇ ਇਲ ਵਾਂਗੂ ਟੁਟਦਾ ਸੀ ਚੋਰੀ ਦੇ ਬਿਹਾਰ ਨੂੰ ਅੰਗਿਆਰ ਵਾਂਗ ਭਖਦਾ ॥ ਲੱਖ ਕੱਖ ਇਕ ਹੀ ਸਮਾਣ ਭਗਵਾਨ ਸਿੰਘਾ ਪਲ ਮੇਂ ਉਡਾਵੇ ਕੌਡੀ ਪਾਸ ਨਹੀਂ ਰਖਦਾ ॥੨੦॥ ਕਬਿੱਤ॥ ਅਧੀ ਅਧੀ ਰਾਤ ਨੂੰ ਬਰਾਤਾਂ ਜਾਕੇ ਘੇਰ ਲੈਂਦਾ ਪੈਂਦਾ ਉਤੇ ਬਾਣੀਆਂ ਦੇ ਸ਼ੇਰ ਵਾਂਗੂੰ ਗੱਜਕੇ॥ ਜਿਥੇ ਜਾਕੇ ਲੁਟਦਾ ਤਮਾਮ

Digitized by Panjab Digital Library | www.panjabdigilib.org

ਜਗਾਂ ਪੁੱਟ ਵੇਂਦਾ ਜੰਦਾ ਕੁੰਡਾ ਤੋੜ ਫੇਰ ਨਿਕਲ ਦਾ ਸੀ ਹੱਜ ਕੇ॥ ਐਸਾ ਕੋਈ ਜਾਦੂ ਸੀ ਮਲੂਮ ਜੀ _ਣੇ ਮੌੜ ਤਾਈਂ ਮਾਲ ਭਾਲ ਲੈਂਦਾ ਭਾਵੇਂ ਰੱਖੇ ਕੋਈ ਕੱਜ ਕੇ ॥ ਪੈਂਦਾ ਸੀ ਮੁਕਾਬਲਾ ਜੇ ਆਨ ਭਗਵਾਨ ਸਿੰਘਾ ਮੁੜੇ ਨਾ ਪਿਛਾਹਾਂ ਸਗੋਂ ਆਉਂਦਾ ਸੀ ਵੱਜ ਕੇ ॥ ੨੧ ॥ ਕਬਿੱਤ ॥ ਭੁਜਨ ਰੰਧਾਲੇ ਜੀਉਣਾ ਮੌੜ ਪਾਸ ੱਖਦਾ ਸੀ ਚਾਕੂ ਸ਼ਮਸ਼ੇਰ ਜੋ ਬੰਦੂਕ ਭਾਰੀ ਮਾਰ ਦੀ ॥ ਊਠ ਘੋੜਾ ਰਖਦਾ ਸੀ ਤੇਜ਼ ਬਾਜ਼ ਪੌਣ ਜੇਹਾ ਪੇਸ਼ ਨਹੀਂ ਚੱਲੇ ਜਿੱਥੇ ਪਿਆਦੇ ਅਸਵਾਰ ਦੀ॥ ਊਠ ਜੀਉਣੇ ਮੌੜ ਦਾ ਸੀ ਦੌੜਦਾ ਹਜ਼ਾਰਾਂ ਕੋਸ ਖ਼ਬਰ ਲਿਆਵੇ ਛਿਨ ਕਾਬਲ ਕੰਧਾਰ ਦੀ॥ ਘੋੜੇ ਦੀ ਸਿਫ਼ਤ ਅਤ ਭਾਰੀ ਭਗਵਾਨ ਸਿੰਘਾ ਤਾਕਤ ਭੁਲਾਵੇ ਪੌਨ ਗੌਨ ਦੇ ਸ਼ੁਮਾਰ ਦੀ ॥੨੨॥ ਕਬਿੱਤ ॥ ਸਾਰੇ ਘਾਤ ਜਾਣਦਾ ਸੀ ਜੀਉਣਾ ਮੌੜ ਚੋਰੀਆਂ ਦੇ ਭੱਜਦਾ ਮਦਾਨ ਵਿੱਚ ਪੌਣ ਦੇ ਸਮਾਨ ਸੀ॥ ਕੱਦ ਦਰਮਿਆਨਾ ਤੇ ਦਲੇਰ ਭਾਰੀ ਸ਼ੇਰ ਜੇਹਾ ਸਾਂਵਰਾ ਸਾ ਰੰਗ ਚੰਗਾ ਗੱਭਰੂ ਜੁਵਾਨ ਸੀ॥ ਦਿਲ ਦਾ ਧਰੋਹਾ ਨਿਰਮੋਹਾ ਸੀ ਜਹਾਨ ਵਿਚੋਂ ਮਨ ਮਗ਼ਰੂਰ ਭਰਪੂਰ ਜੋਰ ਗੁਮਾਨ ਸੀ॥ ਸੱਥ ਵਿੱਚ ਬੈਠਦਾ ਚੁਪਾਤਾ ਭਗਵਾਨ ਸਿੰਘਾ ਚੋਰੀਆਂ ਦੇ ਕਾਜ ਵਿਖੇ ਤੀਰ ਜਿਉਂ ਕਮਾਨ ਸੀ ॥ ੨੩ ॥ ਕਬਿਤ ॥ ਛੋਟੇ ਛੋਟੇ ਮਾਜਰੇ ਮੁਕਾਏ ਜੀਉਣੇ ਧਾੜਵੀ ਨੇ ਹੋਈ ਮਸ਼ਹੂਰੀ ਵਿੱਚ ਸਾਰੇ ਸੰਸਾਰ ਦੇ॥ ਰੌਲਾ ਪਾਯਾ ਪਾਂਧੀਆਂ ਮੁਸਾਫ਼ਰਾਂ ਨੇ ਜੱਗ ਵਿੱਚ ਨਿੱਤ ਉੱਠ ਪਿੱਟਦੇ ਸੀ ਬਾਣੀਏ ਬਜ਼ਾਰ ਦੇ॥ ਵਾਲਾਂ ਬੰਦ ਕੀਤੀਆਂ ਸੀ ਰੱਧ ਭਤਾਂ ਨੇ ਖੌਫ਼ ਨਾਲ ਗਾਹੀ ਕੀਤੇ ਬੰਦ ਜੋ ਪਿਆਰੇ ਸੀ ਬਪਾਰ ਦੇ॥ ਲੁੱਟ ਲੀਤਾ

Digitized by Panjab Digital Library | www.panjabdigilib.org

ਮੁਲਕਤਮਾਮਭਗਵਾਨਸਿੰਘਾ ਪਹੁੰਚੀਆਂ ਰਪੋਰਾਂ ਵਿੱਚ ਆਮ ਸਰਕਾਰ ਦੇ ॥ ੨੪ ॥ ਕਬਿੱਤ ॥ ਰੱਯਤਨੇ ਜਾਇ ਕੇ ਦੁਹਾਈਦਿੱਤੀ ਹਾਕਮਾਂਨੂੰਲੁੱਟਖਾਧਾਦੇਸ ਇਕਹੋਯਾ ਜੀਉਣਾ ਔੜਹੈ॥ ਫੈਂਵਾ ਵੱਡਾ ਕਰੇਨਾ ਮਲੂਮ ਕਿਸੇ ਆਦਮੀ ਨੂੰ ਜਿੱਥੇ ਆਨਪੈਂਦਾ ਓਥੇ ਚਾਨਚਕ ਚੌੜ ਹੈ ॥ ਦਿਨੇਰਾਤ ਲੁਟਦਾਨਾ ਕੋਈ ਮਗਰ ਉਠਦਾਹੈ ਚਾਰਹੀ ਚੁਫੇਰੇਓਸਧਾੜਵੀਦੀ ਦੌੜ ਹੈ॥ਦਸਨੰਬਰ ਰਾਬਦਮਾਸ਼ ਭਗਵਾਨਸਿੰਘਾਧਾੜਵੀਲੁਟੇਰ ਏਸ ਅੰਦਰ ਰਠੌੜ ਹੈ ॥ ੨੫ ॥ ਕਬਿੱਤ ॥ ਕੋਈ ਕਹੇ ਧਾੜਵੀ ਇਨਾਮੀਧਾੜੇਮਾਰਦਾਹੈਛੱਡਦਾਨਾ ਮੂਲਭਾਵੇਂ ਕੰਨਾਂ ਵਿਚਡੰਡੀਆਂ ॥ ਕੋਈ ਕਹੇਲੁਟਿਆ ਤਮਾਮ ਘਰ ਬਾਰ ਮੇਰਾ ਛੱਡਿਆ ਫਦਾਮਨਹੀਂ ਪਾਈਆ ਚਾਇ ਵੰਡੀਆਂ ॥ ਕੋਈਕਹੇ ਕੱਪੜੇ ਤਮਾਮ ਮੇਰੇ ਖੱਸ ਲੀਤੇ ਸੀਨੇ ਉੱਤੇ ਖ਼ੂਬ ਤਲਵਾਰਾਂ ਤੇਜ਼ ਛੰਡੀਆਂ॥ ਮੁਲਕ ਉਜਾੜ ਦਿੱਤਾਸਾਰਾ ਭਗਵਾਨਸਿੰਘਾ ਕੋਈ ਆਖੇ ਸਾਡੀਆਂ ਬਨਾਈਆਂ ਖ਼ੂਬ ਜੰਡੀਆਂ ॥ ੨੬ ॥ਕਬਿੱਤ ॥ ਕਿਨੇ ਫ਼ਰਿਆਦ ਕੀਤੀ ਪਾਪ ਭਾਰੀ ਲਗਿਯਾ ਹੈ ਹਟੇ ਨਾ ਹਟਾਯਾ ਖੌਫ਼ ਨਹੀਂ ਜ਼ੋਰਾਵਰਾਂ ਦਾ। ਅੱਜ ਕੱਲ ਵਿੱਚ ਦੇਨਾ ਬੰਦ ਕੀਤਾਧਾੜਵੀਨੂੰਦੇਊਗਾਉਜਾੜ ਨਾਸ ਕਰੂ ਸਾਰੇ ਘਰਾਂ ਦਾ॥ ਚੋਰ ਯਾਰ ਠੱਗ ਨੂੰ ਨਾ ਖ਼ੌਫ਼ ਰਹਿਆ ਜੱਗ ਵਿਚ ਭਾਰੀ ਪ੍ਰਤਾਪ ਹੁੰਦਾ ਹਾਕਮਾਂ ਦੇ ਡਰਾਂਦਾ॥ਕੀਤਾਹੈ ਜਹਾਨ ਨੂੰ ਵੈਰਾਨ ਭ ਗਵਾਨ ਸਿੰਘਾਹੋਏਹਾਂਹੈਰਾਨਮਾਨਗਿਯਾਨਾਰਾਂਨਰਾਂ ਦਾ॥੨੭॥ਕਬਿੱਤ ॥ ਹਾਲ ਹਾਲ ਕੀਤੀ ਲੋਕਾਂ ਦੇਸਪਰਦੇਸ ਵਿੱਚੋਂ ਸ਼ੋਰ ਸੰਸਾਰਵਿੱਚਭਾਰੀਸਾਰੇਮੱਚਿਆ॥ ਅਗਲੇ ਨੂੰ ਭਾਣੇ

Digitized by Panjab Digital Library | www.panjabdigilib.org

ਸਾਰੇ ਚੋਰ ਕਾਲਿਆਂਪਾਣੀਆਂਨੂੰ ਇਕ ਜੀਊਣਾਮੌੜ ਠੌੜਠੌੜ
ਉਤੇ ਨੱਚਿਆ ॥ ਚਾਰ ਚੱਕ ਛੱਡਕੇ ਉਦਾਲੇ ਹੋਯਾਮਾਲਵੇਦੇ
ਅੰਦਰ ਪੰਜਾਬ ਦੇ ਖ਼ਰਾਬ ਭਾਰੀ ਰਚਿਆ ॥ ਲੁੱਟਖਾਧਾ ਦੇਸ਼
ਸਾਡਾ ਸਾਰਾ ਭਗਵਾਨਸਿੰਘਾ ਬਾਦਸ਼ਾਹਕੰਗਾਲ ਬਾਕੀਨਹੀਂ
ਕੋਈ ਛੱਡਿਆ ॥ ੨੯ ॥ ਕਬਿੱਤ ॥ ਤੰਗਕੀਤੇਮੌੜਨੇ
ਬਨਾਏ ਚੌੜ ਘਰਬਾਰ ਬਨੀ ਹੈ ਲਚਾਰ ਕੇਹੜੇ ਦੇਸ਼ ਉੱਠ
ਚੱਲੀਏ ॥ ਅਕੇ ਅਜਕਲ ਵਿਚ ਮਾਰੂਘਰੀਂ ਬੈਠਿਆਂਨੂੰਨਹੀਂ
ਪਰਦੇਸ ਵਿਚ ਦੇਸ਼ ਕੋਈ ਮੱਲੀਏ ॥ ਬਾਜ਼ੇ ਕਹਿਣ ਜਾਲਦਾ
ਧੰਦਾਲ ਭਾਰੀ ਕੋੜਮੇਂ ਦਾ ਚੋਰਾਂ ਦੇ ਦਬਲੇ ਕੀਕੂੰ ਘਰਾਂਵਿਚੋਂ
ਹੱਲੀਏ ॥ ਬਾਜ਼ੇ ਕਹਿਨ ਮਾਰ ਦਈਏ ਜਾਨੋਂ ਭਗਵਾਨਸਿੰਘਾ
ਜਿਥੇ ਹੱਥ ਲੱਗੇ ਬਿਲਕੁਲ ਨਹੀਂ ਟੱਲੀਏ॥ ੨[illegible]॥ ਦੋਹਰਾ॥
ਬਹੁ ਫ਼ਰਯਾਦਾਂ ਗੁਜ਼ਰੀਆਂ ਰੱਯਤ ਹੋਈ ਤੰਗ ॥ ਜਿਥੇ ਕਿਥੇ
ਦੇਖ ਲੌ ਮਾਰੋ ਮਰੋ ਨਸੰਗ ॥ ੩੦ ॥ ਨਾਮੀ ਖੱਟੇ ਬਾਣੀਆਂ
ਮਾਰਿਆ ਜਾਵੇ ਚੋਰ ॥ ਚੋਰ ਹਮੇਸ਼ਾ ਮਾਰੀਦੇ ਜ਼ਬਤਕਪੜੇਨਾ
ਗੋਰ ॥ ੩੧ ॥ ਕਬਿੱਤ ॥ ਕੀਤੀ ਰੱਯਤਾਂ ਪੁਕਾਰ ਸਰਕਾਰ
ਮਨਜ਼ੂਰ ਭਈ ਲਈ ਲੁੱਟ ਖਲਕਤ ਜੋ ਮੌੜ ਨੇ ਤਮਾਮ ਹੀ॥
ਪਾਯਾ ਜੱਟ ਨੇ ਅੰਧੇਰਫੇਰ ਡਰੇ ਨਹੀਂ ਹਾਕਮਾਂਤੋਂ ਸ਼ੇਰਵਾਂਗੂੰਭੈ
ਕਰੇ ਦੁਖਾਯਾ ਖ਼ਾਸਆਮਹੀ॥ਹੁਕਮ ਲਿਖਾਓਵਿਚ ਠਾਣਿਆਂ
ਦੇ ਦੇਸ਼ ਵਿਚ ਕਰੋ ਇਸ਼ਤਿਹਾਰ ਕੁਛ ਬੋਲਕੇ ਇਨਾਮ ਹੀ ॥
ਪੱਟਦਿੱਤਾ ਜੱਟ ਨੇ ਜਹਾਨ ਭਗਵਾਨਸਿੰਘਾ ਬਿਲਕੁਲ ਕਰੋ
ਸਰਕਾਰ ਇੰਤਜ਼ਾਮਹੀ॥੩੨॥ ਦੋਹਰਾ ॥ ਠਾਣੀਰਪਟਾਂਜਮ
ਗਈਆਂ ਲਿਖੇ ਗਏਇਸ਼ਤਿਹਾਰ। ਲਏ ਬਰੰਟ ਸਿਪਾਹੀਆਂ

Digitized by Panjab Digital Library | www.panjabdigilib.org

ਮੱਦਤ ਥਾਣੇਦਾਰ ॥ ੩੩ ॥ ਪੁਲਸ ਫਿਰੇ ਨਿਤ ਢੂੰਡਦੀ ਦੇਸ ਬਦੇਸਤਮਾਮ ॥ ਪਤਾਕਹੀਂਨਹੀਂਪਾਵਤੇਜੀਉਨੇਕਾਬਿਸਰਾਮ ॥ ੩੪ ॥ ਹਾਰ ਵਿਚਾਰੇ ਥਕ ਰਹੇ ਪਿਆਦੇ ਤੇ ਅਸਵਾਰ ॥ ਦੇਸ ਬਦੇਸੀਂ ਫਿਰ ਰ ੇ ਢੂੰਡਨ ਥਾਣੇਦਾਰ॥੩੫॥ ਚੌਪਈ॥ ਕਈ ਸਾਧ ਬਨ ਗਏ ਸਿਪਾਹੀ ॥ ਸਿਖ ਰੂਪ ਕੋਈ ਸੁਥਰੇ ਸ਼ਾਹੀ ॥ ੰਦ ਫ਼ਰੇਬ ਹਜ਼ਾਰੋਂ ਕੀਨੇ ॥ ਧੋਖੇ ਬਹੁਤ ਪੁਲਸਕੇ ਦੀਨੇ ॥ ੩੬ ॥ ਦੋਹਰਾ ॥ ਥਾਣੇਦਾਰ ਜੋ ਏਕਨੂੰ ਲਾਧਾਕਿਨੇ ਸਰਾਗ ॥ ਪਾਛੇ ਹੂਆ ਖੋਜਕੇ ਫੜ ਘੋੜੇ ਕੀ ਵਾਗ ॥ ੩੭ ॥ ਰਫ਼ਤਾ ਰਫ਼ਤਾ ਪਹੁਚਿਆ ਉਪਰ ਥਾਣੇਦਾਰ । ਜਹਾਂਥਰਾਜਤ ਮੌੜ ਥਾ ਘੇਰ ਲੀਆ ਘਰਬਾਰ ॥ ੩੮ ॥ ਕਬਿੱਤ ॥ ਲੀਨਾ ਪਾਇਘੇਰ ਫੇਰਸਾਰਜਨਸਿਪਾਹੀਆਂਨੇ ਦੇਰਨਾ ਲਗਾਓ ਥਾਣੇ ਦਾਰ ਹੈ ਪੁਕਾਰਦਾ। ਕੋਠੇਵਿਚ ਬੰਨ੍ਹਕੇ ਲਗਾਓ ਹੱਥਕੜੀਖ਼ੂਬ ਕਰੋ ਨਾ ਵਸਾਹ ਕਿਸੇਆਦਮੀ ਤੇ ਨਾਰਦਾ॥ਸੱਦ ਲੌ ਗਰਾਮ ਨੂੰਤਮਾਮਇਮਦਾਦ ਕਰੇਡਰੇ ਥਾਣੇਦਾਰਕੀਭਰੋਸਾ ਚੋਰਯਾਰ ਦਾ । ਕੀਤਾ ਗ੍ਰਿਫਤਾਰਜ਼ੀਉਨਾ ਮੌੜ ਭਗਵਾਨ ਸਿੰਘਾ ਹਸਬ ਦਸਤੂਰ ਜੋ ਹੈ ਜਾਬਤਾ ਸਰਕਾਰਦਾ॥੩੯॥ ਦੋਹਰਾ ॥ਜੜੀ ਹਥਕੜੀ ਮੌੜਦੇ ਨਾਭੇਪਹੁੰਚੇਆਨ ॥ ਦੇਖਨ ਕਾਰਨ ਮੌੜਦੇ ਆਯਾ ਸਗਲਜਹਾਨ ॥੪੦॥ ਕਬਿੱਤ ॥ ਕੋਈ ਕਹੇ ਹੋਊਗੀ ਖਲਾਸੀ ਸਰਕਾਰ ਵਿਚ ਕੋਈ ਕਹੇ ਫਾਸੀ ਚੜ੍ਹ ਜਾਊ ਨਾਮੀ ਚੋਰ ਹੈ ॥ ਜੈਸਾ ਜੈਸਾ ਕਿਸੇਦੀ ਦਲੀਲ ਵਿਚ ਆਉਂਦਾ ਹੈ ਐਸਾਹੀਸੁਨਾਵੇਬਾਤ ਦੂਸਰੀ ਨਾਹੋਰ ਹੈ॥ਹੱਵਾਂ ਉਡੇਬਾਣੀਏਂ ਬਿਆਨ ਕਰਨਮੌੜਦਾਹੀਸਾਰਿਆਂ ਮਹੱਲਿਆਂਦੇ ਵਿਚਛਾਰੀ

Digitized by Panjab Digital Library | www.panjabdigilib.org

ਜ਼ੋਰ ਹੈ॥ ਹਾਲ ਸਭ ਰੱਬ ਨੂੰ ਮਲੂਮ ਭਗਵਾਨ ਸਿੰਘਾ ਅੱਗੇ ਤਕਦੀਰ ਦੇ ਨਾ ਪੇਸ਼ ਕੋਈ ਜ਼ੋਰ ਹੈ ॥ ੪੧ ॥ ਦੋਹਰਾ ॥ ਪਗ ਬੇੜੀ ਹੱਥਹਥਕੜੀ ਗਲ ਵਿਚ ਤਬਕ ਜ਼ੰਜੀਰ ॥ ਗੱਡੀ ਪਾਯਾ ਧਾੜਵੀ ਕਰ ਖ਼ੂੰਨੀ ਤਸਵੀਰ॥ ੪੨ ॥ ਕਬਿੱਤ ॥ ਨਾਭੇ ਜਦੋਂ ਆਯਾ ਸੁਣ ਪਾਯਾ ਲੋਕਾਂ ਸਾਰਿਆਂਨੇ ਰੈਨ ਮੁੰਡਾ ਉਠਕੇ ਮਹੱਲਿਆਂਤੋਂ ਧਾਯਾਹੈ ॥ ਕੋਈ ਕਹੇਚੋਰਹੈ ਇਨਾਮੀ ਜੀਉਣਾ ਮੌੜ ਏਹ ਕੋਈਕਹੇ ਦੇਸ ਏਸ ਬੜਾ ਹੀ ਦੁਖਾਯਾਹੈ॥ਕੋਈਕਹੇ ਸੂਰਮਾਂ ਜਹਾਨ ਵਿਚਘੁਮਰਹਿਆ ਕੋਈਕਹੇ ਆਵਾਗੌਨ ਕੈਦ ਵਿਚ ਆਯਾ ਹੈ॥ਜੈਸੀਜੈਸੀ ਬੁੱਧੀ ਲੋਗਆਖੇਂ ਭਗਵਾਨਸਿੰਘਾ ਈਸ੍ਵਰ ਮਹਾਰਾਜ ਕੀ ਇਹ ਨੇਮੀ ਜਗਤ ਮਾਯਾ ਹੈ ॥ ੪੩ ॥ ਕਬਿੱਤ ॥ ਬਾਜ਼ੇ੨ ਆਖਦੇ ਵਿਚਾਰਾ ਐਵੇਂ ਆਨਫੰਦਾ ਮਰ ਜਾਊਇੱਕਵਾਰਭੋਰੇਵਿਚਸੁਟਿਆ॥ਬਾਜੇਬਾਜੇਆਖਣ ਜੋ ਕੈਦ ਬੁਰੀਰਾਜਿਆਂਦੀਸੁਕਜੂਤਵੀਤਦਾਨਾ ਪਾਨੀ ਜੋ ਨਖੁੱਟਿਆ ॥ ਜੇਹਲਖ਼ਾਨਾ ਕੱਟਨਾ ਮਹਾਲਹੋਊਏਸਤਾਈਂ ਯਾਦ ਕਰੂਤਦੋਂ ਜਦੋਂ ਜੇਹਲ ਵਿੱਚੋਂ ਛੁਟਿਆ ॥ ਜੱਗਦੀ ਬਲਾਇ ਵਲ ਜਾਇ ਭਗਵਾਨਸਿੰਘਾ ਏਸ ਪਾਪੀ ਚੋਰਨੇ ਜਹਾਨ ਸੁੰਨਾਂ ਲੁਟਿਆ ॥ ੪੪ ॥ ਦੋਹਰਾ ॥ ਦੀਨਾ ਜੀਉਣਾ ਜੇਹਲ ਮੇਂ ਦਿਨ ਗੁਜ਼ਰੇ ਪੰਜ ਚਾਰ ॥ ਹਸਬ ਜ਼ਾਬਤੇ ਖ਼ੂਨੀਆਂ ਪੇਸ਼ ਕੀਆ ਸਰਕਾਰ ॥ ੪੫ ॥ਚੌਪਈ ॥ ਸਾਬ ਕਰੀ ਜੋ ਗਾਰਦ ਜੰਗੀ ॥ ਪਹਿਰਾ ਲਾਓ ਤੇ ਗਹੋਨੰਗੀ॥ਨਹੀਂ ਵਸਾਹ ਕਰੋ ਤੁਮ ਜ਼ੱਰਰਾ॥ਦਾਰੋਗੇ ਕਾ ਹੁਕਮ ਮੁਕੱਰਰਾ ॥ ੪੬ ॥ ਦੋਹਰਾ ॥ ਬੰਦੋਬਸਤ ਕੇ ਸਾਬ ਜੋ ਕੀਨਾ ਪੇਸ਼ ਹਜ਼ੂਰ ॥ ਮਹਾਰਾਜ ਕੇ ਸਾਮ੍ਹਣੇ ਖੜਿਆ

Digitized by Panjab Digital Library | www.panjabdigilib.org

ਵਾਂਗ ਮਜੂਰ ॥ ੪੭ ॥ ਚੌਪਈ ॥ ਮਹਾਰਾਜ ਕੌ ਸੀਸ ਨਿਵਾਯਾ ॥ ਬੜੇ ਅਦਬਸੇਸੀਸਝੁਕਾਯਾ ॥ ਮਹਾਰਾਜ ਕੇ ਹੂਆ ਪੇਸ਼ ॥ ਜਿਉਂ ਸਾਧੂ ਹੋਵੇ ਦਰਵੇਸ਼ ॥ ੪੮ ॥ ਦੋਹਰਾ ॥ ਬਾਦ-ਸ਼ਾਹੋਂਕਾਹੋਵਤਾਤੇਜਘਨਾਪਰਤਾਪ ॥ ਜੀਉਨਾ ਅੱਗੋਂ ਦੇਖਕੇ ਲਜਿਆ ਪਕੜੀਆਪ ॥ ੪੯ ॥ ਮਹਾਰਾਜਫ਼ਰਮਾਂਵਦੇ ਸੁਨਹੋ ਜੀਉਨਾ ਮੌੜ ॥ ਕੈਦੀ ਕੀਨਾ ਪੁਲਸਨੇ ਏਈ ਤੁਮਾਰੀ ਦੌੜ ॥ ੫੦ ॥ ਚੌਪਈ ॥ ਕਿਆ ਤੁਮਰੀ ਅਬ ਸੂਰਮਤਾਈ ॥ ਕੂਕਰ ਵਾਂਗ ਹਥਕੜੀਪਾਈ ॥ ਰੀਂ ਰੀਂ ਕਰਤ ਸਿਪਾਹੀਆਂ ਆਗੇ ॥ ਰੋਹੀਆਂਅੰਦਰਫਿਰਨਾਭਾਗੇ ॥ ਦੁਖਦੇਨਾਦੁਨੀਆਂਕੋ ਭਾਰੀ ॥ ਵੈਰੀ ਕਰਨਾ ਆਦਮ ਨਾਰੀ ॥ ੫੧ ॥ ਦੋਹਰਾ ॥ ਸੂਰਾ ਸੋ ਸਾਲਾਈਏ ਲੜੇ ਦੀਨ ਕੇ ਹੇਤ ॥ ਪੁਰਜ਼ਾ ਪੁਰਜ਼ਾ ਕਟ ਮਰੇ ਕਬੀ ਨਾ ਹਾਰੇ ਖੇਤ ॥ ੫੨ ॥ ਚੌਪਈ ॥ ਅਬੀ ਸਮਝ ਕੁਛ ਬਿਗੜਾ ਨਾਹੀਂ ॥ ਜਾਨ ਬੂਝ ਕਜੋਂ ਬਣਾਂਗੁਨਾਹੀਂ ॥ ਛੋਡ ਨਿਕਾਰਪਨਾ ਬਨ ਸੂਰ ॥ ਸਭਬਦਨਾਮੀਚਕਨਾਚੂਰ ॥੫੩॥ ਜੇ ਤੁਮ ਸੂਰ ਬੀਰ ਨਰ ਹੋਤੇ ॥ ਇਸਹਾਲਤਪਰਨਹੀਂ ਖਲੋਤੇ ॥ ਗਰਦਨਹੋਇਬਲੰਦਉਚੇਰੀ ॥ ਮਾਨੋ ਨੇਕਨਸੀਹਤਮੇਰੀ ॥ ੫੪ ॥ ਦੋਹਰਾ ॥ ਮਹਾਰਾਜ ਸਰਕਾਰ ਨੇ ਕਰੀ ਨਸੀਹਤ ਨੇਕ॥ਚੁਭੀ ਨ ਜੀਉਨੇਮੌੜ ਕੇ ਕਿਸੀ ਤਰਫ਼ਸੇਏਕ ॥ ੫੫ ॥ ਚੌਪਈ ॥ ਅਬ ਕਿਆ ਏਹ ਤੁਮਾਰੀ ਕਰਤੂਤ ॥ ਪਕੜੀ ਫਿਰਤੇਹੈਂ ਜਮਦੂਤ ॥ ਹੈਧਿਰਕਾਰ ਤੇਰੀ ਜਿੰਦਗਾਨੀ ॥ ਕਰੇਂ ਆਸ ਹਰਵਕਤ ਬੇਗਾਨੀ॥ ੫੬ ॥ ਜੇ ਤੁਮ ਹੋਤੇ ਸੂਬੇਦਾਰ ॥ ਕਿਰਚ ਬਾਂਧ ਬਨਤੇ ਸਰਦਾਰ ॥ ਬਾਦਸ਼ਾਹੋਂਕੋ ਦੇਤਾ ਕਾਮ ॥

Digitized by Panjab Digital Library | www.panjabdigilib.org

ਬੀਚ ਜਗਤ ਕੇ ਰੌਸ਼ਨ ਨਾਮ ॥ ੫੭ ॥ ਦੋਹਰਾ ॥ ਜੀਊਣਾ ਅਰਜ਼ ਗੁਜ਼ਾਰਦਾ ਸੁਣੋ ਭੂਪ ਨਰ ਈਸ ॥ ਸੋਊ ਮੁਝ ਪਰ ਬਰਤਨਾ ਕਰਮ ਲਿਖਿਆ ਜਗਦੀਸ ॥ ੫੮ ॥ ਚੌਪਈ ॥ ਮੈਂ ਗ਼ਰੀਬ ਕਿਆ ਕਰਨੇ ਜੋਗ। ਜ਼ੋਰ ਧਗਾਣੇ ਮਾਰਤ ਲੋਗ। ਲੂਟ ਪੂਟ ਕੋਊ ਲੇ ਜਾਤਾ। ਨਾਮ ਸਭੀ ਹਮਰਾ ਹੀ ਪਾਤਾ॥ ੫੯ ॥ ਦੋਹਰਾ ॥ ਮਹਾਰਾਜ ਤਬ ਬੋਲਤੇ ਅਬ ਜੀਊਣੇ ਤੁਮ ਦੇਖ ॥ ਅਬਨਹੀਂ ਦੇਤੇ ਭਾਗਣੇ ਆਗੇ ਤੁਮਰੇ ਲੇਖ ॥ ੬੦ ॥ ਚੌਪਈ ॥ ਲੇਜਾਓ ਤਕੜਾਈ ਰਾਖੋ। ਬੁਰਾ ਭਲਾ ਮੁਖਸੇ ਨਹੀਂ ਭਾਖੋ ॥ ਅਬ ਯੇਹ ਬੰਧੂਆ ਬਨਾ ਬਿਚਾਰਾ। ਤੁਮ ਆਗੇ ਚਲਤਾ ਨਹੀਂ ਚਾਰਾ॥ ੬੧ ॥ ਦੋਹਰਾ ॥ ਲੇ ਆਏ ਤਬ ਸਤਰੀ ਹੁਕਮ ਦੀਆ ਸਰਕਾਰ। ਜੇਹਲਖਾਨੇ ਵਿਚ ਤਾੜਕੇਜੰਦਾ ਦੀਨਾਮਾਰ ॥੬੨॥ ਦੋਹਰਾ ॥ ਲਿਖਜਾ ਧੁਰ ਪਟਿਆਲਿਓਂ ਨਾਭੇ ਪੌਹਚਾ ਆਨ। ਜੀਊਣੇ ਮੌੜ ਕੋ ਭੇਜਦੋ ਕਰਕੇ ਖੂਬ ਚਾਲਾਨ॥ ੬੩ ॥ ਚੌਪਈ ॥ ਪਹਿਲੇ ਕੈਦ ਪਟਿਆਲੇ ਪਾਊ। ਫਿਰ ਪਾਛੇ ਨਾਭੇ ਆ ਜਾਊ। ਡਾਕੇ ਹਮਰੇ ਬਹੁਤੇ ਮਾਰੇ। ਖੂਨ ਅਨੇਕ ਭਾਂਤ ਕਰ ਡਾਰੇ ॥ ੬੪ ॥ ਦੋਹਰਾ ॥ ਦੁਖੀ ਸਗਲ ਸੰਸਾਰ ਹੈ ਸੁਖੀ ਨਾ ਰਹਿਆ ਕੋਇ। ਜੀਊਣੇ ਮੌੜ ਕੇ ਭਾਗ ਜੋ ਆਗੇ ਹੋਇ ਸੁ ਹੋਇ॥ ੬੫ ॥ ਕਬਿੱਤ ॥ ਕੀਤਾ ਨਾਭਿਓਂ ਚਲਾਨ ਸਾਰਾ ਜਾਨਦਾ ਜਹਾਨਪਟਿਆਲੇਪੁੰਨਾ ਆਨਦੋਡੀਂ ਤਿੰਨਰੋਜ਼ਕੱਟਕੇ ॥ ਪਹਿਲਾਂ ਸਜ਼ਾ ਏਥੇ ਪਾਊ ਸਭ ਆਖਦੇ ਥੇ ਸਾਊ ਕਿਤੇਹੋਰ ਨਹੀਂ ਜਾਊਫੇਰ ਨਾਭੇ ਆਊ ਹਟਕੇ ॥ ਬੜੀ ਕੀਤੀ ਤਕੜਾਈ ਏਡੀ ਲੱਤੀਂ ਜੰਘੀਂ ਪਾਈ ਵਿਚ ਥੇਲ ਹੈ ਬੰਧਾਈ ਭੱਜ ਜਾਵੇ

Digitized by Panjab Digital Library | www.panjabdigilib.org

ਨਹੀਂ ਕੱਟਕੇ ॥ ਜੇਹਲਖਾਨੇ ਵਿਚ ਪਾਯਾ ਜੀਵਾ ਡੂੰਡਾ ਖੂਬ ਲਾਯਾ ਪਹਿਰਾ ਉਪਰ ਲਗਾਯਾ ਭਲਾ ਕੋਈ ਰੋਜ਼ ਅਟਕੇ ॥ ੬੬ ॥ ਦੋਹਰਾ ॥ ਸੁਨਾ ਗਿਆ ਸੰਸਾਰ ਮੇਂ ਗਿਆ ਭਾਗ ਅਬ ਮੌੜ ॥ ਰੂਪ ਸਪਾਹੀ ਕਾ ਬਨਾ ਲੇ ਬੰਦੂਕ ਗਿਆ ਦੌੜ॥ ੬੭॥ ਚੌਪਈ ॥ ਬੇਖ਼ਬਰਾ ਪਵਿਆਲਿਓਂ ਧਾਇਆ ॥ ਪਤਾ ਕਿਸੀ ਮਾਨਸ ਨਹੀਂ ਪਾਇਆ ॥ ਦੇਖਾ ਨਹੀਂ ਕਿਸੀ ਨੇ ਔਰ। ਜੀਉਣਾ ਭਾਗ ਗਿਆ ਕਿਸ ਠੌਰ ॥ ੬੮ ॥ ਦੋਹਰਾ ॥ ਜਬਚੜ੍ਹਿਆਦਿਨਆਨਕੇ ਖਬਰ ਭਈ ਸਰਕਾਰ ॥ ਜੀਉਣੇ ਮੌੜ ਕੀ ਭਾਲ ਕੋ ਚਾੜ੍ਹਦੀਏ ਅਸਵਾਰ ॥ ੬੯ ॥ ਚੌਪਈ ॥ ਸਿਵਲ ਪੁਲਸ ਸਭ ਕੀਨੀ ਦੌੜ॥ਭਾਗ ਗਿਆਅਬ ਜੀਉਣਾ ਮੌੜ ॥ ਮੇਹਜਰਜੀਦਨਸਭਸਰਦਾਰ॥ਗਏਢੂੰਡਨੇ ਥਾਣੇਦਾਰ ॥ ੭੦ ॥ ਦੋਹਰਾ ॥ ਪਲਟਨ ਜੰਗੀ ਭਾਲ ਕੋ ਚੜ੍ਹੀ ਨਗਾਰਾ ਮਾਰ ॥ ਜੋ ਤਮਾਮ ਸਭ ਰਜਮਟਾਂ ਬੇੜ੍ਹੇਠੇ ਅਸਵਾਰ॥ ੭੧॥ ਚੌਪਈ ॥ ਕਹੀਂ ਨਹੀਂ ਜੀਉਣੇ ਮੌੜ ਕੋ ਪਾਇਆ ॥ ਬਹੁਤਫੌਜ ਨੇ ਜ਼ੋਰ ਲਗਾਇਆ॥ਚਾਰ ਕੁਫੇਰੇ ਢੂੰਡਾ ਸਾਰੇ ॥ ਓੜਕ ਔੜ ਬਿਚਾਰੇ ਹਾਰੇ ॥ ੭੨ ॥ ਦੋਹਰਾ ॥ ਦੂਰ ਦੂਰ ਤਕ ਭਾਲਕੇ ਮੁੜੀ ਫੌਜ ਸਰਕਾਰ ॥ ਕਿਤੇ ਘਰੋਲੇ ਛਪਿਆ ਦੇਖਾ ਸਕਲ ਨਿਹਾਰ ॥ ੭੩ ॥ ਚੌਪਈ ॥ ਗਾਮ ਗਾਮ ਮੇਂ ਪਤਾ ਨਾ ਕੋਈ॥ਭਾਗ ਗਿਆ ਕਿਸਵੇਲੇਜੋਈ ॥ ਦੇਖਾ ਨਹੀਂ ਆਦਮੀ ਨਾਰੀ ॥ ਏਹਬੋਲਰਹੀਖਲਕਤਸਾਰੀ ॥੭੪॥ਦੋਹਰਾ ॥ ਦੇਸ ਮਾਲਵੇ ਮੇਂ ਵੜਾ ਜੀਉਣਾ ਮੌੜ ਜੋ ਭਾਗ ॥ ਪੂਰਬ ਪੱਛਮ ਨਾ ਰਮਾ ਉਤਰ ਦੱਖਣ ਲਾਗ॥ ੭੫ ॥ ਚੌਪਈ ॥

Digitized by Panjab Digital Library | www.panjabdigilib.org

॥ ਕਿਸੀ ਰੋਜ਼ ਜਾ ਵੜੇ ਝਲੇਰੇ ॥ ਕਿਸੀ ਰੋਜ਼ ਬਾਈਏ ਕੇ ਨੇੜੇ ॥ ਕਬੀ ਕਬੀ ਸਾਬੋਂ ਕੇ ਮਾਹੀਂ ॥ ਔਰ ਦੇਸ ਮਧ ਜਾਤਾ ਨਾਹੀਂ ॥ ੭੬ ॥ ਕਬੀ ਕਬੀ ਬਾਂਗਰ ਕੇ ਧੋਰੈ ॥ ਕਬੀ ਫਿਰੈ ਸਰਸੈ ਕੀ ਓਰੈ ॥ ਨਹੀਂ ਅਰਾਮ ਪਾਵਤਾ ਜ਼ੱਰਾ ॥ ਐਹੀ ਤਰੀਕ ਹਮੇਸ਼ ਮੁਕੱਰਾ ॥ ੭੭ ॥ ਦੋਹਰਾ ॥ ਸੋਚ ਕਰੀ ਦਿਲ ਮੌੜਨੇ ਠੀਕ ਬਨਾ ਅਬ ਚੋਰ ॥ ਲੂਟੋ ਮਾਰੋ ਜਗਤ ਕੋ ਜੇ ਤੋ ਤੁਮਰੋ ਜੋਰ ॥ ੭੮ ॥ ਚੌਪਈ ॥ ਅਬ ਤੁਮਕੋ ਜਿਸਨੇ ਜਬ ਪਕੜਾ ॥ ਬਾਂਧ ਕੈਦ ਕਰ ਡਾਰੇ ਭਕੜਾ ॥ ਅਬ ਮਤ ਜਾਨ ਬੂਝ ਕਰਹਾਂਸੀ ॥ ਉਮਰ ਕੈਦ ਯਾ ਦੇਵਨ ਫਾਂਸੀ ॥ ੭੯ ॥ ਦੋਹਰਾ ॥ ਅਪਨਾ ਮਰਨਾ ਜਾਨਕੈ ਲੂਟ ਮਚਾਈ ਦੇਸ ॥ ਆਵਨ ਖ਼ਬਰਾਂ ਲੱਗੀਆਂ ਡਾਕੇ ਪੈਨ ਹਮੇਸ਼ ॥ ੮੦ ॥ ਚੌਪਈ ॥ ਕੋਊ ਕਹੇ ਧਾੜਵੀ ਫਿਰਦੇ ॥ ਬੀਚ ਝਲੇਰੇ ਇਰਦੇ ਗਿਰਦੇ ॥ ਚਾਰ ਓਰ ਮਧ ਲੂਟ ਮਚਾਈ ॥ ਵਕਤ ਬਵਕਤ ਨਾ ਜਾਤਾ ਕਾਈ ॥ ੮੧ ॥ ਦੋਹਰਾ ॥ ਜੀਉਣਾ ਮੌੜ ਜਬ ਦੌੜਤਾ ਰਸਤਾ ਲੇਤਾ ਰੋਕ ॥ ਨਹੀਂ ਕਿਸੀਕੋ ਛੋਡਤਾ ਤੰਗ ਭਏ ਸਭ ਲੋਕ ॥ ੮੨ ॥ ਕਬਿੱਤ ॥ ਬਾਹੀਏ ਝਲੇਰੇ ਵਿੱਚ ਡੇਰਾ ਲਾਯਾ ਧਾੜਵੀ ਨੇ ਲੁੱਟਿਆ ਚੁਫੇਰੇ ਘੇਰਾ ਪਾਇਕੇ ਜਮਾਤ ਨੂੰ ॥ ਰੋਡੀਆਂ ਦੀਆਂ ਡੋਡੀਆਂ ਤਮਾਮ ਲਈਆਂ ਘੂਰਘੂਰ ਛੱਡਿਆ ਨਾ ਮੂਲ ਕਿਸੇ ਜ਼ਾਤ ਤੇ ਕੁਜ਼ਾਤ ਨੂੰ ॥ ਮੁਲਕ ਤਮਾਮ ਵਿੱਚ ਗੱਲ ਹੋਈ ਖ਼ਾਸ ਆਮ ਜੀਉਣ ਮੌੜ ਲੁਟਦਾ ਹੈ ਦਿਨ ਅਤੇ ਰਾਤ ਨੂੰ ॥ ਫੌਜ ਨਾਲ ਖੇਡਦਾ ਹਮੇਸ਼ ਭਗਵਾਨਸਿੰਘਾ ਜਾਨਤੋਂ ਬਗ਼ੈਰ ਕੋਈ ਫੜੇਨਾ ਅਜ਼ਾਤ ਨੂੰ ॥ ੮੩ ॥ ਦੋਹਰਾ ॥ ਪੰਜ ਸਤ ਰਲਕੇ ਧਾੜਵੀ

Digitized by Panjab Digital Library | www.panjabdigilib.org

ਚਾਦਰ ਦੇਨਵਛਾਇ। ਜੋਕੁਛ ਤੁਮਰੇਪਾਸਹੈ ਏਥੇਦੇਹੋ ਪਾਇ॥ ੮੪॥ ਦੋਹਰਾ॥ ਕੱਢ ਬੰਦੂਕ ਦਿਖਾਉਂਦੇ ਜਾਂਦੇ ਜਾਨ੍ਹ ਪ੍ਰਾਨ। ਸਾਰਾ ਜ਼ੇਵਰ ਲਾਹਿਕੇ ਅੱਗੇ ਧਰਨ ਜੁਵਾਨ॥ ੮੫॥ ਚੌਪਈ॥ ਰੋਜ਼ ਧਾੜਵੀ ਲੁਟ ਲੁਟ ਖਾਵੇ॥ ਨਾ ਕੋਈ ਆਗੇ ਹਾਥ ਉਠਾਵੇ॥ ਰੱਯਤ ਬਨੀ ਤਮਾਮਲੁਕਾਈ॥ ਦੇਸਮਾਲਵੇ ਬੀਚ ਦੁਹਾਈ॥ ੮੬॥ ਚੌਪਈ॥ ਚਾਰ ਚੱਕ ਹੂਆ ਥਰ ਥੱਲਾ। ਜੀਉਣਾਮੌੜਲੂਟਤਹੈਕੱਲਾ॥ ਨਹੀਂ ਕਿਸੀ ਅਫ਼ਸਰ ਸੇ ਡਰਤਾ। ਖ਼ੌਫ਼ ਖੁਦਾਈ ਨਾ ਕੁਛ ਕਰਤਾ॥ ੮੭॥ ਦੋਹਰਾ॥ ਸੁਨਾਂ ਮੁਲਕਤਕਾਲੀਆ ਲੂਟ ਮਚਾਈਆਨ। ਦਾਰੂ ਮਾਸ ਉਡਾਵਤੇ ਉਮਦਾ ਪੀਵਨ ਖਾਨ॥ ੮੮॥ ਕਬਿੱਤ॥ ਲੂਟ ਹੈ ਮਚਾਈਕਾਈਬੋਲਦਾ ਨਾਭਾਈਅੱਗੋਂ ਸਗੋਂਹੱਥ ਬੰਨ੍ਹਕੇ ਹੈਂ ਮਾਲ ਜੋ ਫੜਾਉਂਦੇ। ਦਾਦ ਫਰਯਾਦ ਨਾ ਸੁਨਾਵੇਂ ਅੱਗੇ ਹਾਕਮਾਂ ਦੇ ਚੁਪ ਹੀ ਚੁਪਾਤੇ ਉਠ ਘਰਾਂ ਵਲ ਆਉਂਦੇ॥ ਪੁੱਛਨ ਗਵਾਂਡੀ ਜੋ ਸ਼ਿਤਾਬੀ ਮੁੜ ਆਏ ਤੁਸੀ ਚੁਪਚਾਂਦ ਬੈਠੇ ਮੁਖੋਂ ਕੁਝ ਨਾ ਬਤਾਉਂਦੇ। ਪੈਗਿਆ ਅੰਧੇਰ ਭਗਵਾਨ ਸਿੰਘਾ ਜੱਗ ਵਿਚ ਹਾਕਮਾਂ ਸਮੇਤ ਕੋਈ ਹੱਥ ਨਹੀਂ ਪਾਉਂਦੇ॥ ੮੯॥ ਦੋਹਰਾ॥ ਹੋਈ ਬੰਦ ਸੌਦਾਗਰੀ ਰਾਹੀ ਤੁਰਨ ਨਾ ਰਾਹ। ਦੌਲਤ ਮਾਲ ਅਰ ਜਾਨ ਕਾ ਕੋਊ ਨਾ ਕਰਤ ਬਿਸਾਹ॥ ੯੦॥ ਚੌਪਈ॥ ਬੰਦ ਬਰਾਤ ਗਾਮ ਸੇ ਹੋਈ। ਪੰਧ ਨਾ ਪਰਤ ਅਕੇਲਾ ਕੋਈ॥ ਐਸੀ ਲੁਟਮਚੀ ਅਬਭਾਰੀ॥ ਖ਼ਲਕਤ ਕਾਂਪ ਉਠੀ ਕੁਲ ਸਾਰੀ॥ ੯੧॥ ਦੋਹਰਾ॥ ਦੁਨੀਆਂ ਸਗਲ ਪੁਕਾਰਤੀ ਕਿਆਅਬਹੋਊਹਾਲ॥ਜੀਉਣੇਮੌੜਦੇ ਜੀਓਂਦਿਆਂ

Digitized by Panjab Digital Library | www.panjabdigilib.org

ਕਹਾਂ ਰਹੁ ਧਨ ਮਾਲ ॥ ੯੨ ॥ ਕਬਿੱਤ ॥ ਘਰਾਂ ਵਿਚ ਬੈਠਕੇ ਬਿਆਨ ਕਰੇਂ ਮਰਦ ਨਾਰ ਜ਼ੇਵਰ ਸੰਭਾਲੋ ਏਥੇ ਜੀਉਣਾ ਮੌੜ ਫਿਰਦਾ ਹੈ ॥ ਲੁੱਟਹੈ ਮਚਾਈ ਲੋਕ ਰੋਕਦਾ ਨਾ ਕਾਈ ਭਾਈ ਧਾਈ ਕਰੇ ਰਾਤ ਦਿਨ ਲੁਟ ਖਾਧਾ ਗਿਰਦਾਹੈ ॥ ਬਾਜ਼ੇ ਬਾਜ਼ੇ ਆਖਦੇ ਨਾ ਮੌਤ ਪਾਪੀ ਬੈਦਿਆਂ ਨੂੰ ਮੋਧਾ ਨਹੀਂ ਮੂਲ ਏਹ ਪੁਰਾਣਾ ਪਾਪੀ ਚਿਰਦਾ ਹੈ ॥ ਉਠ ਉੱਤੇ ਲੁਟ ਲੁਟ ਖਾਧਾ ਭਗਵਾਨਸਿੰਘ ਮਰਨ ਤੋਂ ਨਾ ਡਰੇ ਖ਼ੌਫ਼ ਰੱਖਦਾ ਨਾ ਸਿਰਦਾ ਹੈ॥ ੯੩ ॥ ਦੋਹਰਾ ॥ਜੀਉਣਾਜੀਉਣਾ ਹੋ ਰਹੀ ਦੇਸ ਬਦੇਸ ਤਮਾਮ ॥ ਖੌਫ਼ ਭਯਾ ਨਰ ਨਾਰ ਕੋ ਜ਼ਿਕਰ ਭਯਾ ਕੁਲ ਆਮ ॥ ੯੪ ॥ ਚੌਪਈ ॥ ਪੰਜ ਚਾਰ ਰਖਦਾ ਅਸਵਾਰ । ਪੰਜੇ ਸ਼ਸਤ੍ਰ ਆਮਦਕਾਰ ॥ ਰਾਤ ਦਿਨ ਕੋ ਏਕ ਬਨਾਯਾ ॥ ਜਹਾਂ ਦੇਖਾ ਲੂਟਾ ਅਰ ਖਾਧਾ ॥ ੯੫ ॥ ਦੋਹਰਾ ॥ ਚੈਨ ਨਾ ਪੜਤੀ ਜਗਤਕੋਨੀਂਦ ਨਾ ਪੜਤੀਨੈਨ ॥ ਸਿਆਪੇ ਹੁੰਦੇ ਮੌੜ ਦੇ ਘਰ ਘਰ ਪਾਂਦੇ ਵੈਨ ॥ ੯੬ ॥ ਚੌਪਈ ॥ ਚਾਰ ਚੱਕ ਪਿੱਟੇ ਅਰ ਰੋਵੇ ॥ ਔਰਬਾਤ ਕੁਛ ਮੂਲ ਨਾ ਹੋਵੇ ॥ ਕਹੀਂ ਨਹੀਂ ਫ਼ਰਯਾਦ ਸੁਨਾਵੇ ॥ ਹਾਕਮ ਠਾਕਰ ਕੇ ਨਹੀਂ ਜਾਵੇ॥ ੯੭ ॥ ਦੋਹਰਾ ॥ ਸ਼ੁਕਰ ਕਰੇ ਜਗਤ ਈਸ ਕਾ ਬੈਠੇ ਬੂਹੇ ਜਾਇ ॥ ਜੇ ਜਗ ਰਹੀਏ ਜੀਵਤੇ ਹੋਰਜ਼ੇਵਰ ਬਨ ਜਾਇ ॥ ੯੮ ॥ ਜੀਉਣੇ ਕੋ ਕਜਾ ਦੋਸਹੈ ਮਾੜੇ ਹਮਰੇਭਾਗ ॥ ਕਿਸਮਤ ਅਪਨੀ ਬਰਤਨੀ ਕਿਆ ਔਰਨ ਕੋ ਲਾਗ ॥ ੯੯ ॥ ਚੌਪਈ ॥ ਜੀਉਣੇਦੀਅੱਜ ਰਾਜਦੁਹਾਈ ॥ ਏਸ ਦੇਸ ਰੋਕਤ ਨਹੀਂ ਕਾਈ । ਆਦਮਣ਼ਾਰੀ ਹਾਰ ਸਭਭਾਗੇ ॥ ਜੀਉਣੇ ਮੌੜ ਨਾ ਪਾਛੈ ਲਾਗੇ ॥ ੧੦੦ ॥

Digitized by Panjab Digital Library | www.panjabdigilib.org

ਦੋਹਰਾ ॥ ਕੋਊ ਨਾ ਮੁਖ ਸੇ ਬੋਲਤਾ ਕੋਊ ਨ ਕਰਤਾ ਗੱਲ ॥
ਹੂਆ ਜਗਤਕਾ ਬਾਦਸ਼ਾਹ ਜੀਉਣਾਮੌੜਅਜਕੱਲ॥ ੧੦੧ ॥
ਅਬ ਕੁਛ ਸੁਨੋ ਪਿਆਰਿਓ ਕਿਸ਼ਨੇ ਕਾ ਅਹਿਵਾਲ॥ ਸਭਕੁਛ
ਕਰਾਂ ਬਿਆਨ ਅਬ ਜੋ ਗੁਜ਼ਰੀ ਉਸ ਨਾਲ ॥ ੧੦੨ ॥

੧ ੴਸਤਿਗੁਰਪ੍ਰਸਾਦਿ ॥ ਦੋਹਰਾ ॥ ਭਾਈ ਜੀਉਣੇ
ਮੌੜਦਾ ਕਿਸ਼ਨਸਿੰਘਨਰਸ਼ੇਰ ॥ ਬਡਾਬਹਾਦਰ ਸੂਰਮਾ ਦਿਲ
ਸੇ ਅਧਿਕ ਦਲੇਰ॥ ੧੦੩ ॥ ਚੌਪਈ ॥ ਬੜੋ ਦਲੇਰ
ਸ਼ੇਰ ਨਰ ਕਿਸ਼ਨਾ ॥ ਭੂਖ ਪਿਆਸ ਕੀ ਅਤਸੇ ਤ੍ਰਿਸ਼ਨਾ ॥
ਰਾਤ ਦਿਨੇ ਪੇਸ਼ਾ ਥਾ ਚੋਰੀ ॥ ਬਹੁਤ ਜਗਤ ਸੰਗ ਕਰਤਾਜੋਰੀ
॥ ੧੦੪ ॥ ਦੋਹਰਾ ॥ ਬੜਾ ਪਿਆਰਾ ਖਾਸਕੀ ਅਹਿਮਦ
ਡੋਗਰਜਾਨ ॥ ਰਿਹਾਊਡਸਕੇਕੇਵਿਖੇ ਰਹਿਤਾ ਸਦਾ ਮਕਾਨ ॥
੧੦੫ ॥ ਚੌਪਈ ॥ ਅਹਿਮਦ ਡੋਗਰ ਡਸਕੇ ਵਾਲਾ ॥ ਸ਼ੇਰ
ਦਲੇਰ ਰਹੇ ਮਤਵਾਲਾ ॥ ਨਹੀਂ ਕਿਸੀ ਹਾਕਮ ਸੇ ਡਰਤਾ ॥
ਚੋਰ ਯਾਰ ਕੀ ਮੱਦਤ ਕਰਤਾ ॥ ੧੦੬ ॥ ਜੋ ਕੋਈ
ਧਾੜਾ ਮਾਰਲਿਆਵੇ ॥ ਅਹਿਮਦ ਡੋਗਰ ਪਾਸ ਲੇ ਜਾਵੇ॥ਸਭ
ਚੋਰੋਂ ਕਾ ਸਾਂਭੇ ਮਾਲ ॥ ਰਹੇ ਹਮੇਸ਼ਾਂ ਚੋਰਾਂ ਨਾਲ ॥ ੧੦੭ ॥
ਦੋਹਰਾ ॥ ਕਿਸ਼ਨੇ ਨਾਲ ਪਿਆਰਸੀ ਰਾਤ ਦਿਨਾਂ ਕਾ ਮੇਲ ॥
ਪਲਕ ਵਛੋੜਾ ਨਾ ਸਹੇ ਰਹੇ ਠੇਲ ਅਰ ਪੇਲ ॥ ੧੦੮ ॥
ਚੌਪਈ ॥ ਜੋ ਕਿਸ਼ਨਾ ਕੁਛ ਲੂਟੇ ਮਾਲ ॥ ਅਹਿਮਦ ਕੋ ਦੇਤਾ
ਸੰਭਾਲ॥ਦੌਲਤ ਬਹੁਤ ਜਮਾਂ ਜਬ ਹੋਈ ॥ ਬਾਤਸਹੀਜਾਨਤ
ਸਭਕੋਈ॥ ੧੦੯ ॥ ਦੋਹਰਾ ॥ ਅਹਿਮਦ ਕੇ ਮਨ ਉਪ-

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1328

Digitized by Panjab Digital Library | www.panjabdigilib.org

Digitized by Panjab Digital Library | www.panjabdigilib.org